
# ਰਾਮਲੀਲਾ

## ਪ੍ਰੇਮਚੰਦ



# ਰਾਮਲੀਲਾ

ਪ੍ਰੇਮਚੰਦ



ਅਨੁਰਾਗ ਟਰੱਸਟ

© ਸਾਰੇ ਹੱਕ ਰਾਖਵੇਂ ਹਨ।

**ਕੀਮਤ — 10 ਰੁਪਏ**

ਪੰਜਾਬੀ ਅਨੁਵਾਦ – ਗੁਰਪ੍ਰੀਤ

ਟਾਈਟਲ ਕਵਰ ਅਤੇ ਰੇਖਾਚਿੱਤਰ — ਰਾਮਬਾਬੂ

ਪਹਿਲਾ ਐਡੀਸ਼ਨ — ਸਤੰਬਰ, 2013

ਪ੍ਰਕਾਸ਼ਕ

**ਅਨੁਰਾਗ ਟਰੱਸਟ**

**ਡੀ-68, ਨਿਰਾਲਾਨਗਰ**

**ਲਖਨਊ - 226020**

# ਰਾਮਲੀਲਾ

**ਮੈਂ** ਲੰਮੇ ਸਮੇਂ ਤੋਂ ਰਾਮਲੀਲਾ ਦੇਖਣ ਨਹੀਂ ਗਿਆ। ਬਾਂਦਰਾਂ ਦੇ ਭੱਦੇ ਚਿਹਰੇ ਲਾਈ, ਅੱਧੀਆਂ ਲੱਤਾਂ ਵਾਲ਼ਾ ਪਜਾਮਾ ਅਤੇ ਕਾਲ਼ੇ ਰੰਗ ਦਾ ਉੱਚਾ ਕੁੜਤਾ ਪਾਈ ਆਦਮੀਆਂ ਨੂੰ ਦੌੜਦੇ, ਹੂ-ਹੂ ਕਰਦੇ ਦੇਖਕੇ ਹੁਣ ਹਾਸਾ ਆਉਂਦਾ ਹੈ; ਮਜ਼ਾ ਨਹੀਂ ਆਉਂਦਾ। ਕਾਸ਼ੀ ਦੀ ਲੀਲਾ ਜਗਤ-ਪ੍ਰਸਿੱਧ ਹੈ। ਸੁਣਿਆ ਕਿ ਲੋਕ ਦੂਰੋਂ-ਦੂਰੋਂ ਦੇਖਣ ਆਉਂਦੇ ਹਨ। ਮੈਂ ਵੀ ਬੜੇ ਸ਼ੌਕ ਨਾਲ਼ ਗਿਆ; ਪਰ ਮੈਨੂੰ ਉਥੋਂ ਦੀ ਲੀਲਾ ਤੇ ਕਿਸੇ ਵੱਡੇ ਪਿੰਡ ਦੀ ਲੀਲਾ ਵਿੱਚ ਕੋਈ ਅੰਤਰ ਨਾ ਦਿਖਾਈ ਦਿੱਤਾ। ਹਾਂ, ਰਾਮਨਗਰ ਦੀ ਲੀਲਾ ਵਿੱਚ ਕੁੱਝ ਸਾਜ਼ੋ-ਸਮਾਨ ਚੰਗਾ ਹੈ। ਦਾਨਵਾਂ ਅਤੇ ਬਾਂਦਰਾਂ ਦੇ ਚਿਹਰੇ ਪਿੱਤਲ ਦੇ ਹਨ, ਤੂੰਬੇ ਵੀ ਪਿੱਤਲ ਦੇ ਹਨ; ਹੋ ਸਕਦਾ ਏ ਬਣਵਾਸੀ ਭਰਾਵਾਂ ਦੇ ਤਾਜ ਅਸਲੀ ਹੋਣ; ਪਰ ਸਾਜ਼ੋ-ਸਮਾਨ ਤੋਂ



ਇਲਾਵਾ ਉਥੇ ਵੀ ਰਾਮਲੀਲਾ ਹੂ-ਹੂ ਤੋਂ ਬਿਨਾਂ ਕੁੱਝ ਨਹੀਂ। ਫਿਰ ਵੀ ਲੱਖਾਂ ਆਦਮੀਆਂ ਦੀ ਭੀੜ ਲੱਗੀ ਰਹਿੰਦੀ।

ਪਰ ਇੱਕ ਜ਼ਮਾਨਾ ਉਹ ਸੀ, ਜਦੋਂ ਮੈਨੂੰ ਵੀ ਰਾਮਲੀਲਾ ਵਿੱਚ ਅਨੰਦ ਆਉਂਦਾ ਸੀ। ਅਨੰਦ ਤਾਂ ਬਹੁਤ ਹਲਕਾ ਜਿਹਾ ਸ਼ਬਦ ਹੈ। ਉਹ ਅਨੰਦ ਸ਼ੁਦਾਈਪੁਣੇ ਤੋਂ ਘੱਟ ਨਹੀਂ ਸੀ। ਇਤਫ਼ਾਕਨ ਉਹਨਾਂ ਦਿਨਾਂ 'ਚ ਮੇਰੇ ਘਰ ਤੋਂ ਥੋੜੀ ਹੀ ਦੂਰੀ 'ਤੇ ਰਾਮਲੀਲਾ ਦਾ ਮੈਦਾਨ ਸੀ; ਅਤੇ ਜਿਸ ਘਰ ਵਿੱਚ ਲੀਲਾ-ਪਾਤਰਾਂ ਦਾ ਰੰਗ-ਰੂਪ ਤਿਆਰ ਕੀਤਾ ਜਾਂਦਾ ਸੀ, ਉਹ ਤਾਂ ਮੇਰੇ ਘਰ ਦੇ ਬਿਲਕੁਲ ਹੀ ਨਾਲ਼ ਜੁੜਿਆ ਹੋਇਆ ਸੀ। ਦਿਨ ਦੇ ਦੋ ਵਜੇ ਤੋਂ ਪਾਤਰਾਂ ਦੀ ਸਜਾਵਟ ਹੋਣ ਲਗਦੀ। ਮੈਂ ਦੁਪਹਿਰ ਤੋਂ ਹੀ ਉਥੇ ਜਾ ਬਹਿੰਦਾ, ਅਤੇ ਜਿਸ ਉਤਸ਼ਾਹ ਨਾਲ਼ ਭੱਜ-ਨੱਠ ਕਰਦਾ ਹੋਇਆ ਨਿੱਕੇ-ਮੋਟੇ ਕੰਮ ਕਰਦਾ, ਉਸ ਉਤਸ਼ਾਹ ਨਾਲ਼ ਤਾਂ ਮੈਂ ਅੱਜ ਆਪਣੀ ਪੈਨਸ਼ਨ ਲੈਣ ਵੀ ਨਹੀਂ ਜਾਂਦਾ। ਇੱਕ ਕੋਠੜੀ ਵਿੱਚ ਰਾਜਕੁਮਾਰੀ ਦਾ ਸ਼ਿੰਗਾਰ ਹੁੰਦਾ ਸੀ। ਉਸਦੀ ਦੇਹ 'ਤੇ ਤਿਲਕ ਵਾਲ਼ੀ ਪੀਲ਼ੀ ਮਿੱਟੀ ਪੀਹ ਕੇ ਲਿੱਪੀ ਜਾਂਦੀ; ਮੂੰਹ 'ਤੇ ਪਾਊਡਰ ਲਾਇਆ ਜਾਂਦਾ ਅਤੇ ਪਾਊਡਰ ਦੇ ਉੱਤੇ ਲਾਲ, ਹਰੇ ਅਤੇ ਨੀਲੇ ਰੰਗ ਦੀਆਂ ਬਿੰਦੀਆਂ ਲਾਈਆ ਜਾਂਦੀਆਂ। ਸਾਰਾ ਮੱਥਾ, ਭਰਵੱਟੇ, ਠੋਡੀ ਅਤੇ ਗੱਲ੍ਹਾਂ ਬਿੰਦੀਆਂ ਨਾਲ਼ ਸਜ ਜਾਂਦੀਆਂ ਸਨ। ਇੱਕ ਹੀ ਆਦਮੀ ਇਸ ਕੰਮ ਵਿੱਚ ਕੁਸ਼ਲ ਸੀ। ਉਹ ਵਾਰੀ-ਵਾਰੀ ਤਿੰਨਾਂ ਪਾਤਰਾਂ ਦਾ ਸ਼ਿੰਗਾਰ ਕਰਦਾ। ਰੰਗ ਦੀਆਂ ਪਿਆਲੀਆਂ ਵਿੱਚ ਪਾਣੀ ਪਾਉਣਾ, ਲੇਪ ਵਾਲ਼ੀ ਮਿੱਟੀ ਪੀਸਣੀ, ਪੱਖਾ ਝੱਲਣਾ ਮੇਰਾ ਕੰਮ ਸੀ। ਜਦੋਂ ਇਹਨਾਂ ਤਿਆਰੀਆਂ ਤੋਂ ਬਾਅਦ ਰਥ ਯਾਤਰਾ ਨਿੱਕਲ਼ਦੀ, ਤਾਂ ਉਸ ਵਿੱਚ ਰਾਮਚੰਦਰ ਜੀ ਦੇ ਪਿੱਛੇ ਬਹਿਣ 'ਚ ਮੈਨੂੰ ਜੋ ਖੁਸ਼ੀ, ਜੋ ਮਾਣ, ਜੋ ਰੋਮਾਂਚ ਮਹਿਸੂਸ ਹੁੰਦਾ ਸੀ, ਉਹ ਹੁਣ ਲਾਟ ਸਾਹਿਬ ਦੇ ਦਰਬਾਰ 'ਚ ਕੁਰਸੀ 'ਤੇ ਬਹਿਣ 'ਚ ਵੀ ਨਹੀਂ ਮਹਿਸੂਸ ਹੁੰਦਾ। ਇੱਕ ਵਾਰ ਜਦੋਂ ਹੋਮ ਮੈਂਬਰ ਸਾਹਿਬ ਨੇ ਪ੍ਰਬੰਧਕੀ-ਸਭਾ ਵਿੱਚ ਮੇਰੇ ਇੱਕ ਪ੍ਰਸਤਾਵ ਦੀ ਪ੍ਰਸ਼ੰਸਾ ਕੀਤੀ, ਉਸ ਵੇਲ਼ੇ ਮੈਨੂੰ ਕੁੱਝ ਉਸੇ ਤਰ੍ਹਾਂ ਦੀ ਖੁਸ਼ੀ, ਮਾਣ ਅਤੇ ਰੋਮਾਂਚ ਮਹਿਸੂਸ ਹੋਇਆ ਸੀ। ਹਾਂ, ਇੱਕ ਵਾਰ ਜਦੋਂ ਮੇਰਾ ਵੱਡਾ ਬੇਟਾ ਨਾਇਬ-ਤਹਿਸੀਲਦਾਰੀ ਵਿੱਚ ਨਾਮਜ਼ਦ ਹੋਇਆ ਸੀ, ਉਦੋਂ ਵੀ ਅਜਿਹੀਆਂ ਤਰੰਗਾਂ ਮਨ ਵਿੱਚ ਉੱਠੀਆਂ ਸਨ; ਪਰ ਇਹਨਾਂ ਅਤੇ ਉਸ ਬਾਲ-ਬੈਚੇਨੀ ਵਿੱਚ ਬੜਾ ਫਰਕ ਹੈ। ਉਦੋਂ ਅਜਿਹਾ ਲਗਦਾ ਸੀ ਕਿ ਮੈਂ ਸਵਰਗ ਵਿੱਚ ਬੈਠਾ ਹਾਂ।

ਨਿਸ਼ਾਦ-ਕਿਸ਼ਤੀ-ਲੀਲਾ ਦਾ ਦਿਨ ਸੀ। ਮੈਂ ਦੋ-ਚਾਰ ਮੁੰਡਿਆਂ ਦੇ ਭਟਕਾਵੇ ਵਿੱਚ ਆਕੇ ਗੁੱਲੀ-ਡੰਡਾ ਖੇਡਣ ਲੱਗ ਪਿਆ। ਉਸ ਦਿਨ ਸ਼ਿੰਗਾਰ ਦੇਖਣ ਨਾ ਗਿਆ। ਰਥ ਯਾਤਰਾ ਵੀ ਨਿੱਕਲ਼ੀ; ਪਰ ਮੈਂ ਖੇਡਣਾ ਨਾ ਛੱਡਿਆ। ਮੈਂ ਆਪਣੀ ਵਾਰੀ ਲੈਣੀ ਸੀ। ਆਪਣੀ ਵਾਰੀ ਛੱਡਣ ਲਈ ਉਸਤੋਂ ਕਿਤੇ ਜ਼ਿਆਦਾ ਆਤਮ-ਤਿਆਗ ਦੀ ਲੋੜ ਸੀ, ਜਿੰਨਾਂ ਕਿ ਮੈਂ ਕਰ ਸਕਦਾ ਸਾਂ। ਜੇ ਵਾਰੀ ਦੇਣੀ ਹੁੰਦਾ ਤਾਂ ਮੈਂ ਕਦੋਂ ਦਾ ਭੱਜ ਗਿਆ ਹੁੰਦਾ; ਪਰ ਖੇਡ ਵਿੱਚ ਅੱਗੇ ਲਾਈ ਰੱਖਣ ਦੀ ਗੱਲ ਹੀ ਵੱਖਰੀ

ਹੁੰਦੀ ਹੈ। ਖ਼ੈਰ, ਵਾਰੀ ਪੂਰੀ ਹੋਈ। ਜੇ ਮੈਂ ਚਾਹੁੰਦਾ, ਤਾਂ ਰੌਂਦ ਪਿੱਟ ਕੇ ਪੰਜ-ਦਸ ਮਿੰਟ ਹੋਰ ਅੱਗੇ ਲਾਈ ਰੱਖਦਾ, ਇਸਦੀ ਕਾਫ਼ੀ ਗੁੰਜਾਇਸ਼ ਸੀ, ਪਰ ਹੁਣ ਇਸਦਾ ਮੌਕਾ ਨਹੀਂ ਸੀ। ਮੈਂ ਸਿੱਧਾ ਨਾਲ਼ੇ ਵੱਲ ਭੱਜਿਆ। ਯਾਤਰਾ ਨਦੀ ਕਿਨਾਰੇ ਪਹੁੰਚ ਚੁੱਕੀ ਸੀ। ਮੈਂ ਦੂਰੋਂ ਦੇਖਿਆ ਕਿ ਮਲਾਹ ਕਿਸ਼ਤੀ ਲਈ ਆ ਰਿਹਾ ਹੈ। ਮੈਂ ਭੱਜਿਆ, ਪਰ ਲੋਕਾਂ ਦੀ ਭੀੜ ਵਿੱਚ ਦੌੜਨਾ ਔਖਾ ਸੀ। ਆਖ਼ਿਰ ਜਦੋਂ ਮੈਂ ਭੀੜ ਹਟਾਉਂਦਾ, ਜੀ-ਜਾਨ ਨਾਲ਼ ਅੱਗੇ ਵਧਦਾ ਕਿਨਾਰੇ ਪਹੁੰਚਿਆ, ਤਾਂ ਨਿਸ਼ਾਦ ਆਪਣੀ ਬੇੜੀ ਖੋਲ਼ ਚੁੱਕਾ ਸੀ। ਰਾਮਚੰਦਰ 'ਚ ਮੇਰੀ ਕਿੰਨੀ ਸ਼ਰਧਾ ਸੀ! ਆਪਣੇ ਪਾਠ ਦੀ ਚਿੰਤਾ ਨਾ ਕਰਦੇ ਹੋਏ ਉਹਨਾਂ ਨੂੰ ਪੜ੍ਹਾ ਦਿੰਦਾ ਸਾਂ, ਤਾਂ ਕਿ ਉਹ ਫੇਲ ਨਾ ਹੋ ਜਾਣ। ਮੈਥੋਂ ਵੱਡੇ ਹੋਣ ਦੇ ਬਾਵਜੂਦ ਵੀ ਉਹ ਮੈਥੋਂ ਹੇਠਲੀ ਜਮਾਤ ਵਿੱਚ ਪੜ੍ਹਦੇ ਸਨ। ਪਰ ਉਹੀ ਰਾਮਚੰਦਰ ਕਿਸ਼ਤੀ 'ਤੇ ਬੈਠੇ ਇਸ ਤਰ੍ਹਾਂ ਮੂਹ ਫੇਰ ਤੁਰ ਜਾਂਦੇ ਜਿਵੇਂ ਮੇਰੇ ਨਾਲ਼ ਕੋਈ ਜਾਣ-ਪਹਿਚਾਣ ਹੀ ਨਾ ਹੋਵੇ। ਨਕਲ ਵਿੱਚ ਵੀ ਅਸਲ ਦੀ ਕੁੱਝ-ਨਾ-ਕੁੱਝ ਝਲਕ ਆ ਹੀ ਜਾਂਦੀ ਹੈ। ਭਗਤਾਂ 'ਤੇ ਜਿੰਨਾਂ ਦੀ ਨਿਗ੍ਹਾ ਸਦਾ ਹੀ ਦਿਆਲ ਰਹੀ ਹੈ, ਉਹ ਮੈਨੂੰ ਕਿਉਂ ਅਣ-ਦੇਖਿਆ ਕਰਦੇ ? ਮੈਂ ਬੇਚੈਨ ਹੋਕੇ ਉਸ ਵੱਛੇ ਵਾਂਗ ਕੁੱਦਣ ਲੱਗਿਆ, ਜਿਸਦੀ ਗਰਦਨ 'ਤੇ ਪਹਿਲੀ ਵਾਰ ਜੋਤ ਰੱਖੀ ਗਈ ਹੋਵੇ। ਕਦੇ ਭੱਜ ਕੇ ਨਾਲ਼ੇ ਵੱਲ ਜਾਂਦਾ, ਕਦੇ ਕਿਸੇ ਸਹਾਇਕ ਦੀ ਖੋਜ ਵਿੱਚ ਪਿੱਛੇ ਨੂੰ ਦੌੜਦਾ, ਪਰ ਸਭ ਆਪਣੀ ਧੁਨ 'ਚ ਮਸਤ ਸਨ; ਮੇਰੀ ਚੀਕ-ਪੁਕਾਰ ਕਿਸੇ ਦੇ ਕੰਨੀਂ ਨਾ ਪਈ। ਉਦੋਂ ਤੋਂ ਬੜੀਆਂ ਮੁਸੀਬਤਾਂ ਝੱਲੀਆਂ, ਪਰ ਉਸ ਪਲ ਜਿੰਨਾਂ ਦੁੱਖ ਫਿਰ ਕਦੇ ਨਹੀਂ ਹੋਇਆ।


ਮੈਂ ਨਿਸ਼ਚਾ ਕੀਤਾ ਕਿ ਹੁਣ ਰਾਮਚੰਦਰ ਨਾਲ਼ ਕਦੇ ਨਹੀਂ ਬੋਲਾਂਗਾ, ਨਾ ਕਦੇ ਖਾਣ ਦੀ ਕੋਈ ਚੀਜ਼ ਦੇਵਾਂਗਾ; ਪਰ ਜਿਵੇਂ ਹੀ ਨਾਲ਼ੇ ਨੂੰ ਪਾਰ ਕਰਕੇ ਉਹ ਪੁਲ਼ ਵੱਲ ਵਾਪਸ ਆਏ, ਮੈਂ ਦੌੜਦਾ ਰਥ 'ਤੇ ਚੜ੍ਹ ਗਿਆ, ਅਤੇ ਇਉਂ ਖੁਸ਼ ਹੋਇਆ ਜਿਵੇਂ ਕੋਈ ਗੱਲ ਹੀ ਨਾ ਹੋਈ ਹੋਵੇ।

2

ਰਾਮਲੀਲਾ ਖ਼ਤਮ ਹੋ ਗਈ। ਰਾਜਗੱਦੀ ਹੋਣ ਵਾਲ਼ੀ ਸੀ; ਪਰ ਪਤਾ ਨਹੀਂ ਕਿਉਂ ਦੇਰ ਹੋ ਰਹੀ ਸੀ। ਸ਼ਾਇਦ ਚੰਦਾ ਘੱਟ ਵਸੂਲ ਹੋਇਆ ਸੀ। ਰਾਮਚੰਦਰ ਦੀ ਇਹਨੀਂ ਦਿਨੀਂ ਕੋਈ ਬਾਤ ਵੀ ਨਾ ਪੁੱਛਦਾ। ਨਾ ਹੀ ਘਰ ਜਾਣ ਦੀ ਛੁੱਟੀ ਮਿਲ਼ਦੀ, ਨਾ ਹੀ ਰੋਟੀ ਦਾ ਪ੍ਰਬੰਧ ਹੁੰਦਾ। ਚੌਧਰੀ ਸਾਹਿਬ ਦੇ ਘਰੋਂ ਰੋਟੀ ਦਿਨੇਂ ਕੋਈ ਤਿੰਨ ਵਜੇ ਮਿਲ਼ਦੀ ਹੁੰਦੀ ਸੀ। ਬਾਕੀ ਸਾਰਾ ਦਿਨ ਕੋਈ ਪਾਣੀ ਨਹੀਂ ਸੀ ਪੁੱਛਦਾ। ਪਰ ਮੇਰੀ ਸ਼ਰਧਾ ਹਾਲੇ ਉਵੇਂ ਹੀ ਸੀ। ਮੇਰੀ ਨਜ਼ਰ 'ਚ ਉਹ ਹਾਲੇ ਵੀ ਰਾਮਚੰਦਰ ਹੀ ਸੀ। ਘਰੋਂ ਮੈਨੂੰ ਜੋ ਖਾਣ ਦੀ ਚੀਜ਼ ਮਿਲ਼ਦੀ, ਉਹ ਲਿਆ ਕੇ ਰਾਮਚੰਦਰ ਨੂੰ ਦੇ ਆਉਂਦਾ। ਉਹਨਾਂ ਨੂੰ ਖਵਾਉਣ 'ਚ ਮੈਨੂੰ ਜਿੰਨਾਂ ਅਨੰਦ ਆਉਂਦਾ, ਉਨਾਂ ਖੁਦ ਖਾ ਕੇ ਵੀ ਨਾ ਆਉਂਦਾ। ਕੋਈ ਮਠਿਆਈ ਜਾਂ ਫਲ਼

ਮਿਲ਼ਦੇ ਸਾਰ ਹੀ ਮੈਂ ਤੇਜ਼ੀ ਨਾਲ਼ ਤੰਬੂ ਵੱਲ ਦੌੜਦਾ, ਜੇ ਰਾਮਚੰਦਰ ਉਥੇ ਨਾ ਮਿਲ਼ਦੇ ਤਾਂ ਉਹਨਾਂ ਨੂੰ ਚਾਰੇ ਪਾਸੇ ਭਾਲ਼ਦਾ, ਅਤੇ ਜਦੋਂ ਤੱਕ ਉਹ ਚੀਜ਼ ਉਹਨਾਂ ਨੂੰ ਖਵਾ ਨਾ ਦਿੰਦਾ, ਮੈਨੂੰ ਚੈਨ ਨਾ ਆਉਂਦਾ।

ਖ਼ੈਰ, ਰਾਜਗੱਦੀ ਦਾ ਦਿਨ ਆਇਆ। ਰਾਮਲੀਲਾ ਦੇ ਮੈਦਾਨ ਵਿੱਚ ਇੱਕ ਵੱਡਾ ਟੈਂਟ ਲਗਾਇਆ ਗਿਆ। ਉਸਨੂੰ ਖ਼ੂਬ ਸਜਾਇਆ ਗਿਆ। ਵੇਸਵਾਵਾਂ ਦੇ ਦਲ਼ ਵੀ ਆ ਪਹੁੰਚੇ। ਸ਼ਾਮ ਨੂੰ ਰਾਮਚੰਦਰ ਦੀ ਸਵਾਰੀ ਕੱਢੀ ਗਈ, ਅਤੇ ਹਰ ਦਰਵਾਜ਼ੇ 'ਤੇ ਉਹਨਾਂ ਦੀ ਆਰਤੀ ਉਤਾਰੀ ਗਈ। ਸ਼ਰਧਾ ਅਨੁਸਾਰ ਕਿਸੇ ਨੇ ਰੁਪਏ ਦਿੱਤੇ, ਕਿਸੇ ਨੇ ਪੈਸੇ। ਮੇਰੇ ਪਿਤਾ ਜੀ ਪੁਲਿਸ ਮੁਲਾਜ਼ਮ ਸਨ; ਇਸ ਲਈ ਉਹਨਾਂ ਬਿਨਾਂ ਕੁੱਝ ਦਿੱਤੇ ਹੀ ਆਰਤੀ ਉਤਾਰੀ। ਉਸ ਸਮੇਂ ਮੈਨੂੰ ਜਿੰਨੀਂ ਸ਼ਰਮ ਆਈ, ਉਸਨੂੰ ਬਿਆਨ ਨਹੀਂ ਕਰ ਸਕਦਾ। ਮੇਰੇ ਕੋਲ਼ ਉਦੋਂ ਸੰਯੋਗ ਨਾਲ਼ ਇੱਕ ਰੁਪੱਈਆ ਸੀ। ਮੇਰੇ ਮਾਮਾ ਜੀ ਦਸ਼ਹਿਰੇ ਤੋਂ ਪਹਿਲਾਂ ਆਏ ਸਨ ਅਤੇ ਮੈਨੂੰ ਇੱਕ ਰੁਪੱਈਆ ਦੇਕੇ ਗਏ ਸਨ। ਉਸ ਰੁਪਏ ਨੂੰ ਮੈਂ ਸੰਭਾਲ਼ੀ ਰੱਖਿਆ ਸੀ। ਦੁਸ਼ਹਿਰੇ ਦੇ ਦਿਨ ਵੀ ਉਸਨੂੰ ਖ਼ਰਚ ਨਾ ਸਕਿਆ। ਮੈਂ ਫੁਰਤੀ ਨਾਲ਼ ਰੁਪੱਈਆ ਲਿਆ ਕੇ ਆਰਤੀ ਦੀ ਥਾਲ਼ੀ ਵਿੱਚ ਰੱਖ ਦਿੱਤਾ। ਪਿਤਾ ਜੀ ਮੇਰੇ ਵੱਲ ਗੁਸੈਲ਼ੀਆਂ ਨਜ਼ਰਾਂ ਨਾਲ਼ ਦੇਖਦੇ ਰਹਿ ਗਏ। ਉਹਨਾਂ ਕਿਹਾ ਤਾਂ ਨਹੀਂ; ਪਰ ਮੂੰਹ ਅਜਿਹਾ ਬਣਾ ਲਿਆ, ਜਿਸਤੋਂ ਲਗਦਾ ਸੀ ਕਿ ਮੇਰੀ ਇਸ ਜ਼ੁਰਅੱਤ ਨਾਲ਼ ਉਹਨਾਂ ਦੇ ਰੋਅਬ ਨੂੰ ਦਾਗ਼ ਲੱਗਾ ਸੀ। ਰਾਤੀਂ ਦਸ ਵੱਜਦੇ-ਵੱਜਦੇ ਇਹ ਪਰਿਕਰਮਾ ਪੂਰੀ ਹੋਈ।



ਆਰਤੀ ਦੀ ਥਾਲ਼ੀ ਰੁਪੱਈਆਂ ਅਤੇ ਪੈਸਿਆਂ ਨਾਲ਼ ਭਰੀ ਹੋਈ ਸੀ। ਸਹੀ-ਸਹੀ ਤਾਂ ਨਹੀਂ ਕਹਿ ਸਕਦਾ; ਪਰ ਹੁਣ ਅਜਿਹਾ ਲਗਦਾ ਹੈ ਕਿ ਰੁਪਏ ਚਾਰ-ਪੰਜ ਸੌ ਤੋਂ ਘੱਟ ਨਹੀਂ ਸਨ। ਚੌਧਰੀ ਸਾਹਿਬ ਇਸਤੋਂ ਵਧੇਰੇ ਖ਼ਰਚਾ ਕਰ ਚੁੱਕੇ ਸਨ। ਉਹਨਾਂ ਨੂੰ ਇਸ ਗੱਲ ਦੀ ਬੜੀ ਫ਼ਿਕਰ ਸੀ ਕਿ ਕਿਸੇ ਤਰ੍ਹਾਂ ਘੱਟੋ-ਘੱਟ ਦੋ ਸੌ ਰੁਪਏ ਹੋਰ ਵਸੂਲ ਹੋ ਜਾਣ ਅਤੇ ਇਸਦਾ ਸਭ ਤੋਂ ਵਧੀਆ ਤਰੀਕਾ ਉਹਨਾਂ ਨੂੰ ਇਹੀ ਲੱਗਿਆ ਕਿ ਵੇਸਵਾਵਾਂ ਰਾਹੀਂ ਮਹਿਫ਼ਲ ਵਿੱਚ ਉਗਰਾਹੀ ਹੋਵੇ। ਜਦੋਂ ਲੋਕ ਆ ਕੇ ਬੈਠ ਜਾਣ, ਅਤੇ ਮਹਿਫ਼ਲ ਦਾ ਰੰਗ ਬੰਨਿਆਂ ਜਾਵੇ, ਤਾਂ ਆਬਾਦੀਜਾਨ* ਸੁਹਿਰਦ ਲੋਕਾਂ ਦੇ ਗੁੱਟ ਫੜਕੇ ਅਜਿਹੇ ਹਾਵ-ਭਾਵ ਦਿਖਾਵੇ ਕਿ ਲੋਕ ਸ਼ਰਮਾਉਂਦੇ-ਸ਼ਰਮਾਉਂਦੇ ਵੀ ਕੁੱਝ ਨਾ ਕੁੱਝ ਦੇ ਹੀ ਜਾਣ। ਆਬਾਦੀਜਾਨ ਅਤੇ ਚੌਧਰੀ ਸਾਹਿਬ ਵਿੱਚ ਸਲਾਹ ਹੋਣ ਲੱਗੀ। ਮੈਂ ਸੰਯੋਗ ਨਾਲ਼ ਉਹਨਾਂ ਦੋਵਾਂ ਦੀਆਂ ਗੱਲਾਂ ਸੁਣ ਰਿਹਾ ਸੀ। ਚੌਧਰੀ ਸਾਹਿਬ ਨੇ ਸਮਝਿਆ ਹੋਵੇਗਾ ਕਿ ਇਹ ਛੋਕਰਾ ਕਿਹੜਾ ਗੱਲਾਂ ਦੇ ਮਤਲਬ ਸਮਝ ਜਾਵੇਗਾ। ਪਰ ਅਕਲ ਦੇ ਮਾਮਲੇ 'ਚ ਰੱਬ ਮੇਰੇ 'ਤੇ ਮਿਹਰਬਾਨ ਸੀ। ਸਾਰੀ ਕਹਾਣੀ ਸਮਝ ਵਿੱਚ ਆਉਂਦੀ-ਜਾਂਦੀ ਸੀ।

ਚੌਧਰੀ — "ਸੁਣੋ ਆਬਾਦੀਜਾਨ, ਇਹ ਤੇਰੀ ਜ਼ਿਆਦਤੀ ਹੈ। ਸਾਡੀ ਅਤੇ ਤੁਹਾਡੀ ਕੋਈ ਪਹਿਲੀ ਜਾਣ-ਪਹਿਚਾਣ ਤਾਂ ਨਹੀਂ ਹੈ। ਰੱਬ ਨੇ ਚਾਹਿਆ ਤਾਂ ਹਮੇਸ਼ਾ ਤੁਹਾਡਾ ਆਉਣਾ-ਜਾਣਾ ਲੱਗਿਆ ਰਹੇਗਾ। ਐਤਕੀਂ ਚੰਦਾ ਬਹੁਤ ਥੋੜਾ ਆਇਆ ਹੈ, ਨਹੀਂ ਤਾਂ ਮੈਂ ਤੇਰੇ ਨਾਲ਼ ਇੰਨੀ ਸੌਦੇਬਾਜ਼ੀ ਨਾ ਕਰਦਾ।"

ਆਬਾਦੀਜਾਨ — "ਤੁਸੀਂ ਮੇਰੇ ਨਾਲ਼ ਵੀ ਜਿਮੀਂਦਾਰਾਂ ਵਾਲ਼ੀਆਂ ਚਾਲਾਂ ਚਲਦੇ ਹੋ, ਕਿਉਂ ? ਪਰ ਇੱਥੇ ਹਜੂਰ ਦੀ ਦਾਲ਼ ਨਹੀਂ ਗਲ਼ਣੀ। ਵਾਹ ! ਰੁਪਏ ਮੈਂ ਵਸੂਲਾਂ ਅਤੇ ਮੁੱਛਾਂ ਨੂੰ ਤਾਅ ਤੁਸੀਂ ਦੇਵੋਂ। ਕਮਾਈ ਦਾ ਚੰਗਾ ਢੰਗ ਲੱਭਿਆ ਹੈ। ਇਸ ਕਮਾਈ ਨਾਲ਼ ਤਾਂ ਤੁਸੀਂ ਵਾਕਈ ਕੁੱਝ ਦਿਨਾਂ ਵਿੱਚ ਰਾਜਾ ਬਣ ਜਾਓਗੇ। ਉਸਦੇ ਸਾਹਮਣੇ ਜਿਮੀਂਦਾਰੀ ਦੀ ਕੀ ਔਕਾਤ ! ਬੱਸ, ਕੱਲ ਤੋਂ ਹੀ ਇੱਕ ਚਕਲਾ ਖੋਲ਼ ਦਿਓ ! ਸਹੁੰ ਰੱਬ ਦੀ, ਮਾਲਾ-ਮਾਲ ਹੋ ਜਾਓਂਗੇ।"

ਚੌਧਰੀ — "ਤੂੰ ਦਿਲਲਗੀ ਕਰਦੀ ਏਂ, ਅਤੇ ਇੱਥੇ ਮੇਰੀ ਜੇਬ ਤੰਗ ਹੋਈ ਪਈ ਆ।"

ਆਬਾਦੀਜਾਨ — "ਤਾਂ ਤੁਸੀਂ ਵੀ ਤਾਂ ਮੇਰੇ ਨਾਲ਼ ਹੀ ਉਸਤਾਦੀ ਕਰ ਰਹੇ ਹੋ। ਤੁਹਾਡੇ ਜਿਹੇ ਕਈਆਂ ਨੂੰ ਰੋਜ਼ ਉਂਗਲੀਆਂ 'ਤੇ ਨਚਾਉਂਦੀ ਹਾਂ।"

ਚੌਧਰੀ — "ਆਖ਼ਿਰ ਤੇਰਾ ਇਰਾਦਾ ਕੀ ਹੈ ?"

ਆਬਾਦੀਜਾਨ — "ਜੋ ਵੀ ਵਸੂਲੀ ਹੋਵੇ, ਉਹਦੇ 'ਚੋਂ ਅੱਧ ਮੇਰਾ ਤੇ ਅੱਧ ਤੁਹਾਡਾ। ਲਿਆਉ ਦਿਓ ਤਾੜੀ।"

---

ਆਬਾਦੀਜਾਨ* = ਇੱਕ ਵੇਸਵਾ। — ਸੰਪਾ:

ਚੌਧਰੀ — "ਚਲੋ ਇਹੀ ਸਹੀ।"

ਆਬਾਦੀਜਾਨ — "ਅੱਛਾ, ਤਾਂ ਪਹਿਲਾਂ ਮੇਰੇ ਸੌ ਰੁਪਏ ਗਿਣ ਦਿਓ। ਬਾਅਦ ਵਿੱਚ ਤੁਸੀਂ ਟਾਲ਼-ਮਟੋਲ਼ ਕਰਨ ਲੱਗ ਜਾਣੈ।"

ਚੌਧਰੀ — "ਵਾਹ! ਉਹ ਵੀ ਲਏਗੀਂ ਅਤੇ ਇਹ ਵੀ।"

ਆਬਾਦੀਜਾਨ — "ਅੱਛਾ, ਤਾਂ ਤੁਸੀਂ ਕੀ ਸਮਝਦੇ ਸੀ ਕਿ ਮੈਂ ਆਪਣੀ ਉਜ਼ਰਤ ਛੱਡ ਦੇਵਾਂਗੀ? ਸਦਕੇ ਤੁਹਾਡੀ ਸਮਝ ਦੇ! ਖ਼ੂਬ; ਕਿਉਂ ਨਹੀਂ। ਤੁਸੀਂ ਸਿਆਣੇ, ਮੈਂ ਮੂਰਖ! ਵਾਹ!"

ਚੌਧਰੀ — "ਤਾਂ ਕੀ ਤੂੰ ਦੋਹਰੀ ਫ਼ੀਸ ਲੈਣ ਦੀ ਸੋਚੀ ਏ?"

ਆਬਾਦੀਜਾਨ — "ਇਹ ਸਭ ਕੁੱਝ ਤਾਂ ਤੁਹਾਡੀ ਜਰੂਰਤ ਲਈ ਕਰ ਰਹੀਂ ਆਂ। ਨਹੀਂ ਤਾਂ ਮੇਰੇ ਸੌ ਰੁਪਏ ਤਾਂ ਕਿਧਰੇ ਨਹੀਂ ਗਏ। ਮੈਨੂੰ ਕਿਹੜਾ ਕੁੱਤੇ ਨੇ ਵੱਢਿਆ, ਜੋ ਲੋਕਾਂ ਦੀਆਂ ਜੇਬਾਂ ਵਿੱਚ ਹੱਥ ਪਾਉਂਦੀ ਫਿਰਾਂ?"



ਚੌਧਰੀ ਦੀ ਇੱਕ ਨਾ ਚੱਲੀ। ਆਬਾਦੀ ਦੇ ਸਾਹਮਣੇ ਦਬਣਾ ਪਿਆ। ਨਾਚ ਸ਼ੁਰੂ ਹੋਇਆ। ਆਬਾਦੀਜਾਨ ਸਿਰੇ ਦੀ ਸ਼ਰਾਰਤੀ ਔਰਤ ਸੀ। ਇੱਕ ਤਾਂ ਉਹਦਾ ਕੁਆਰਪਨ, ਉੱਤੋਂ ਹਸੀਨ ਅਤੇ ਉਸਦੀਆਂ ਅਦਾਵਾਂ ਤਾਂ ਇੰਨੀਆਂ ਗਜ਼ਬ ਸਨ ਕਿ ਮੇਰੀ ਰੂਹ ਵੀ ਮਸਤ ਹੋਈ ਜਾਂਦੀ ਸੀ। ਆਦਮੀਆਂ ਨੂੰ ਪਹਿਚਾਨਣ ਦੀ ਕਾਬਲੀਅਤ ਵੀ ਉਸ ਵਿੱਚ ਕੁੱਝ ਘੱਟ ਨਹੀਂ ਸੀ। ਜੀਹਦੇ ਸਾਹਮਣੇ ਬੈਠ ਗਈ, ਉਹਤੋਂ ਕੁੱਝ ਨਾ ਕੁੱਝ ਲੈ ਹੀ ਲੈਂਦੀ। ਪੰਜਾਂ ਤੋਂ ਘੱਟ ਰੁਪਏ ਤਾਂ ਸ਼ਾਇਦ ਹੀ ਕਿਸੇ ਨੇ ਦਿੱਤੇ ਹੋਣ। ਉਹ ਪਿਤਾ ਜੀ ਸਾਹਮਣੇ ਵੀ ਬੈਠ ਗਈ। ਮੈਂ ਸ਼ਰਮ ਨਾਲ਼ ਗੱਡਿਆ ਰਹਿ ਗਿਆ। ਜਦੋਂ ਉਸਨੇ ਉਹਨਾਂ ਦਾ ਗੁੱਟ ਫੜਿਆ, ਮੈਂ ਸਹਿਮ ਗਿਆ। ਮੈਨੂੰ ਯਕੀਨ ਸੀ ਕਿ ਪਿਤਾ ਜੀ ਉਸਦਾ ਹੱਥ ਝਟਕ ਦੇਣਗੇ ਅਤੇ ਸ਼ਾਇਦ ਫਿਟਕਾਰ ਵੀ ਦੇਣ, ਪਰ ਇਹ ਕੀ ਹੋ ਰਿਹਾ ਹੈ! ਰੱਬਾ! ਮੇਰੀਆਂ ਅੱਖਾਂ ਤਾਂ ਨਹੀਂ ਧੋਖਾ ਖਾ ਰਹੀਆਂ! ਪਿਤਾ ਜੀ ਮੁੱਛਾਂ 'ਚ ਹੱਸ ਰਹੇ ਹਨ। ਉਹਨਾਂ ਦੀਆਂ ਅੱਖਾਂ ਵਿੱਚ ਮੋਹ ਟਪਕਦਾ ਸੀ। ਉਹਨਾਂ ਦਾ ਰੋਮ-ਰੋਮ ਖਿੜ ਰਿਹਾ ਸੀ; ਪਰ ਰੱਬ ਨੇ ਮੇਰੀ ਲਾਜ ਰੱਖ ਲਈ। ਉਹ ਦੇਖੋ ਉਹਨਾਂ ਹੌਲ਼ੀ ਜਿਹੇ ਆਪਣਾ ਗੁੱਟ ਛੁਡਾ ਲਿਆ। ਓਹ! ਆਹ ਫੇਰ ਕੀ ਹੋ ਗਿਆ? ਆਬਾਦੀਜਾਨ ਤਾਂ ਉਹਨਾਂ ਦੇ

ਗਲ਼ੇ ਵਿੱਚ ਬਾਂਹਾਂ ਪਾ ਰਹੀ ਹੈ। ਹੁਣ ਪਿਤਾ ਜੀ ਜਰੂਰ ਉਸਨੂੰ ਕੁੱਟਣਗੇ। ਚੁੜੇਲ ਨੂੰ ਭੋਰਾ ਵੀ ਸ਼ਰਮ ਨਹੀਂ।

ਇੱਕ ਸੱਜਣ ਨੇ ਹੱਸ ਕੇ ਆਖਿਆ — "ਇੱਥੇ ਤੇਰੀ ਦਾਲ਼ ਨਹੀਂ ਗਲ਼ਣੀ, ਆਬਾਦੀਜਾਨ! ਕੋਈ ਹੋਰ ਦਰਵਾਜ਼ਾ ਦੇਖ।"

ਗੱਲ ਤਾਂ ਇਸ ਸੱਜਣ ਨੇ ਮੇਰੇ ਮਨ ਦੀ ਕਹੀ ਸੀ, ਅਤੇ ਬਹੁਤ ਹੀ ਸਹੀ ਕਹੀ ਸੀ; ਪਰ ਪਤਾ ਨਹੀਂ ਕਿਉਂ ਪਿਤਾ ਜੀ ਨੇ ਉਸ ਵੱਲ ਗੁੱਸੈਲ਼ੀਆਂ ਅੱਖਾਂ ਨਾਲ਼ ਦੇਖਿਆ, ਅਤੇ ਮੁੱਛਾਂ ਨੂੰ ਮਰੋੜਾ ਦਿੱਤਾ। ਮੂੰਹੋਂ ਤਾਂ ਉਹ ਕੁੱਝ ਨਾ ਬੋਲੇ; ਪਰ ਉਹਨਾਂ ਦਾ ਚਿਹਰਾ-ਮੋਹਰਾ ਚੀਖ਼ ਕੇ ਗੁੱਸੈਲ਼ੇ ਸ਼ਬਦਾਂ ਵਿੱਚ ਕਹਿ ਰਿਹਾ ਸੀ - 'ਤੂੰ ਬਾਣੀਏ, ਮੈਨੂੰ ਸਮਝਦਾ ਕੀ ਏਂ? ਇੱਧਰ ਇੱਕ ਅਜਿਹੇ ਮੌਕੇ 'ਤੇ ਜਾਨ ਹਾਜ਼ਿਰ ਹੈ। ਪੈਸਿਆਂ ਦੀ ਕੀ ਗੱਲ ਏ! ਤੇਰਾ ਜੀ ਚਾਹੇ ਤਾਂ ਅਜ਼ਮਾ ਲੈ। ਤੇਰੇ ਨਾਲ਼ੋਂ ਦੁੱਗਣੀ ਰਕਮ ਨਾ ਦੇਵਾਂ ਤਾਂ ਮੂੰਹ ਨਾ ਦਿਖਾਵਾਂ! ਮਹਾਨ ਹੈਰਾਨੀ! ਘੋਰ ਅਨਰਥ! ਐ ਜ਼ਮੀਨ ਤੂੰ ਫਟ ਕਿਉਂ ਨਹੀਂ ਜਾਂਦੀ? ਅਕਾਸ਼ ਤੂੰ ਫਟ ਕਿਉਂ ਨਹੀਂ ਜਾਂਦਾ? ਹਾਏ! ਮੈਨੂੰ ਮੌਤ ਕਿਉਂ ਨਹੀਂ ਆ ਜਾਂਦੀ!' ਪਿਤਾ ਜੀ ਜੇਬ ਵਿੱਚ ਹੱਥ ਪਾ ਰਹੇ ਨੇ। ਉਹਨਾਂ ਕੋਈ ਚੀਜ਼ ਕੱਢੀ, ਅਤੇ ਸੇਠ ਜੀ ਨੂੰ ਦਿਖਾਂਉਂਦੇ ਹੋਏ ਆਬਾਦੀਜਾਨ ਨੂੰ ਦੇ ਦਿੱਤੀ। 'ਆਹ! ਇਹ ਤਾਂ ਇੱਕ ਮੋਹਰ ਹੈ।' ਚਾਰੇ ਪਾਸੇ ਤਾੜੀਆਂ ਵੱਜਣ ਲੱਗੀਆਂ। ਸੇਠ ਉੱਲੂ ਬਣ ਗਿਆ। ਪਿਤਾ ਜੀ ਨੇ ਮੂੰਹ ਦੀ ਖਾਧੀ, ਇਸਦਾ ਮੈਂ ਫ਼ੈਸਲਾ ਨਹੀਂ ਕਰ ਸਕਦਾ। ਮੈਂ ਸਿਰਫ਼ ਇੰਨਾ ਦੇਖਿਆ ਕਿ ਪਿਤਾ ਜੀ ਨੇ ਇੱਕ ਮੋਹਰ ਕੱਢ ਕੇ ਆਬਾਦੀਜਾਨ ਨੂੰ ਦੇ ਦਿੱਤੀ। ਉਹਨਾਂ ਦੀਆਂ ਅੱਖਾਂ ਵਿੱਚ ਇਸ ਸਮੇਂ



ਇੰਨਾ ਮਾਣ-ਉਤਸ਼ਾਹ ਸੀ ਜਿਵੇਂ ਉਹਨਾਂ ਹਾਤਿਮ ਦੀ ਕਬਰ 'ਤੇ ਲੱਤ ਮਾਰੀ ਹੋਵੇ। ਇਹੀ ਪਿਤਾ ਜੀ ਹਨ, ਜਿੰਨਾਂ ਨੇ ਮੈਨੂੰ ਆਰਤੀ ਵਿੱਚ ਰੁਪੱਈਆ ਰੱਖਦੇ ਦੇਖਕੇ ਮੇਰੇ ਵੱਲ ਇਉਂ ਦੇਖਿਆ ਜਿਵੇਂ ਮੈਨੂੰ ਵੱਢ ਕੇ ਖਾ ਹੀ ਜਾਣਗੇ। ਮੇਰੇ ਉਸ ਰਵੱਈਏ ਨਾਲ਼ ਉਹਨਾਂ ਦੇ ਰੋਅਬ ਵਿੱਚ ਫ਼ਰਕ ਪਿਆ ਹੋਵੇ, ਅਤੇ ਇਸ ਸਮੇਂ ਘ੍ਰਿਣਤ, ਨੀਚ ਅਤੇ ਨਫ਼ਰਤ ਭਰੇ ਕੰਮ 'ਤੇ ਮਾਣ ਅਤੇ ਖੁਸ਼ੀ ਨਾਲ਼ ਫੁੱਲੇ ਨਹੀਂ ਸਮਾ ਰਹੇ ਸਨ।



ਆਬਾਦੀਜਾਨ ਨੇ ਇੱਕ ਮਨੋਹਰ ਮੁਸਕਾਨ ਨਾਲ਼ ਪਿਤਾ ਜੀ ਨੂੰ ਸਲਾਮ ਕੀਤੀ ਅਤੇ ਅੱਗੇ ਵਧੀ; ਪਰ ਮੈਥੋਂ ਉਥੇ ਬੈਠਿਆ ਨਾ ਗਿਆ। ਮੇਰਾ ਸ਼ਰਮ ਨਾਲ਼ ਸਿਰ ਝੁਕਿਆ ਪਿਆ ਸੀ; ਜੇ ਇਹ ਮੇਰੀ ਅੱਖਾਂ-ਦੇਖੀ ਗੱਲ ਨਾ ਹੁੰਦੀ ਤਾਂ ਮੈਂ ਕਦੇ ਇਸ 'ਤੇ ਯਕੀਨ ਨਾ ਕਰਦਾ। ਮੈਂ ਬਾਹਰ ਜੋ ਕੁੱਝ ਦੇਖਦਾ-ਸੁਣਦਾ ਸਾਂ, ਉਸਦੀ ਖ਼ਬਰ ਜਰੂਰ ਅੰਮੀ ਨੂੰ ਦਿੰਦਾ। ਪਰ ਇਸ ਮਾਮਲੇ ਨੂੰ ਮੈਂ ਉਹਨਾਂ ਤੋਂ ਲੁਕੋ ਰੱਖਿਆ। ਮੈਂ ਜਾਣਦਾ ਸਾਂ, ਉਹਨਾਂ ਨੂੰ ਇਹ ਗੱਲ ਸੁਣ ਕੇ ਬੜਾ ਦੁੱਖ ਹੋਵੇਗਾ।

ਰਾਤ ਭਰ ਗਾਉਣਾ-ਵਜਾਉਣਾ ਚਲਦਾ ਰਿਹਾ। ਤਬਲੇ ਦੀ ਧਮਕ ਮੇਰੇ ਕੰਨਾਂ ਵਿੱਚ ਪੈ ਰਹੀ ਸੀ। ਮਨ ਕਰਦਾ ਸੀ, ਜਾ ਕੇ ਦੇਖਾਂ; ਪਰ ਹਿੰਮਤ ਨਹੀਂ ਸੀ ਹੋ ਰਹੀ। ਮੈਂ ਕਿਸੇ ਨੂੰ ਕੀ ਮੂੰਹ ਦਿਖਾਵਾਂਗਾ ? ਜੇ ਕਿਤੇ ਕਿਸੇ ਨੇ ਪਿਤਾ ਜੀ ਦਾ ਜ਼ਿਕਰ ਛੇੜ ਦਿੱਤਾ, ਤਾਂ ਮੈਂ ਕੀ ਕਰਾਂਗਾ ?

ਤੜਕੇ ਸਵੇਰੇ ਰਾਮਚੰਦਰ ਦੀ ਵਿਦਾਈ ਹੋਣ ਵਾਲ਼ੀ ਸੀ। ਮੈਂ ਮੰਜਿਓਂ ਉੱਠਦੇ ਹੀ ਅੱਖਾਂ ਮਲ਼ਦਾ ਹੋਇਆ ਤੰਬੂ ਵੱਲ ਭੱਜਿਆ। ਡਰ ਰਿਹਾ ਸੀ ਕਿਤੇ ਰਾਮਚੰਦਰ ਜੀ ਚਲੇ ਨਾ ਗਏ ਹੋਣ। ਪਹੁੰਚਿਆ, ਤਾਂ ਦੇਖਿਆ- ਵੇਸਵਾਵਾਂ ਦੀਆਂ ਸਵਾਰੀਆਂ ਜਾਣ ਨੂੰ ਤਿਆਰ ਸਨ। ਵੀਹ-ਬਾਈ ਬੰਦੇ ਇਛੁੱਕ ਮੂੰਹ ਬਣਾਈ ਉਹਨਾਂ ਨੂੰ ਘੇਰੀ ਖੜੇ ਸਨ। ਮੈਂ ਉਹਨਾਂ ਵੱਲ ਅੱਖ ਵੀ ਨਾ ਕੀਤੀ। ਸਿੱਧਾ ਰਾਮਚੰਦਰ ਦੇ ਕੋਲ਼ ਪਹੁੰਚਿਆ। ਲਛਮਣ ਅਤੇ ਸੀਤਾ ਬੈਠੇ ਰੋ ਰਹੇ ਸਨ; ਅਤੇ ਰਾਮਚੰਦਰ ਖੜੇ ਮੋਢੇ 'ਤੇ ਗੜਵੀ ਦੀ ਰੱਸੀ ਪਾਈ ਉਹਨਾਂ ਨੂੰ ਸਮਝਾ ਰਹੇ ਸਨ। ਮੇਰੇ ਬਿਨਾਂ ਹੋਰ ਕੋਈ ਨਹੀਂ ਸੀ। ਮੈਂ ਹੀਣੀ

ਅਵਾਜ਼ ਵਿੱਚ ਪੁੱਛਿਆ — "ਕੀ ਤੁਹਾਡੀ ਵਿਦਾਈ ਹੋ ਗਈ ?"

ਰਾਮਚੰਦਰ — "ਹਾਂ, ਹੋ ਗਈ। ਸਾਡੀ ਵਿਦਾਈ ਦਾ ਕੀ ਏ ? ਚੌਧਰੀ ਸਾਹਿਬ ਨੇ ਕਹਿ ਦਿੱਤਾ ਜਾਓ ਤੇ ਹੋ ਗਈ ਵਿਦਾਈ।"

"ਕੀ ਰੁਪਏ ਅਤੇ ਕੱਪੜੇ ਨਹੀਂ ਮਿਲ਼ੇ ?"

"ਹਾਲੇ ਨਹੀਂ ਮਿਲ਼ੇ। ਚੌਧਰੀ ਸਾਹਿਬ ਕਹਿੰਦੇ ਨੇ ਕਿ ਹਾਲੇ ਰੁਪਏ ਹੈ ਨਹੀਂ। ਫਿਰ ਆ ਕੇ ਲੈ ਜਾਣਾ।"

"ਕੁੱਝ ਨਹੀਂ ਮਿਲ਼ਿਆ ?"

"ਇੱਕ ਪੈਸਾ ਵੀ ਨਹੀਂ। ਕਹਿੰਦੇ ਹਨ, ਕੋਈ ਬੱਚਤ ਨਹੀਂ ਹੋਈ। ਮੈਂ ਸੋਚਿਆ ਸੀ, ਕੁੱਝ ਰੁਪਏ ਮਿਲ਼ ਜਾਣਗੇ ਤਾਂ ਪੜ੍ਹਨ ਲਈ ਕਿਤਾਬਾਂ ਲੈ ਲਵਾਂਗਾ! ਪਰ ਮਿਲ਼ਿਆ ਕੁੱਝ ਨਾ। ਰਾਹ ਖ਼ਰਚ ਵੀ ਨਹੀਂ ਦਿੱਤਾ। ਕਹਿੰਦੇ ਹਨ — ਕਿਹੜਾ ਦੂਰੋਂ ਹੋ, ਪੈਦਲ ਚਲੇ ਜਾਓ!"

ਮੈਨੂੰ ਇੰਨਾ ਗੁੱਸਾ ਆਇਆ ਕਿ ਮਨ ਕਰੇ ਜਾ ਕੇ ਚੌਧਰੀ ਨਾਲ਼ ਝਗੜਾਂ। ਵੇਸਵਾਵਾਂ ਲਈ ਰੁਪਏ, ਸਵਾਰੀਆਂ ਸਾਰਾ ਕੁੱਝ; ਪਰ ਵਿਚਾਰੇ ਰਾਮਚੰਦਰ ਅਤੇ ਉਸਦੇ ਸਾਥੀਆਂ ਲਈ ਕੁੱਝ ਵੀ ਨਹੀਂ! ਜਿੰਨਾਂ ਲੋਕਾਂ ਨੇ ਰਾਤ ਨੂੰ ਆਬਾਦੀਜਾਨ 'ਤੇ ਦਸ-ਦਸ, ਵੀਹ-ਵੀਹ ਰੁਪਏ ਵਾਰੇ, ਉਹਨਾਂ ਕੋਲ਼ ਇਹਨਾਂ ਲਈ ਦੋ-ਦੋ, ਚਾਰ-ਚਾਰ ਪੈਸੇ ਵੀ ਨਹੀਂ, ਪਿਤਾ ਜੀ ਨੇ ਤਾਂ ਆਬਾਦੀਜਾਨ ਨੂੰ ਇੱਕ ਮੋਹਰ ਦਿੱਤੀ ਸੀ। ਦੇਖਦਾਂ ਹਾਂ ਇਹਨਾਂ ਦੇ ਨਾਮ 'ਤੇ ਕੀ ਦਿੰਦੇ ਹਨ! ਮੈਂ ਭੱਜਾ-ਭੱਜਾ ਪਿਤਾ ਜੀ ਕੋਲ਼ ਗਿਆ। ਉਹ ਕਿਧਰੇ ਤਫ਼ਤੀਸ਼ 'ਤੇ ਜਾਣ ਲਈ ਤਿਆਰ ਖੜੇ ਸਨ। ਮੈਨੂੰ ਦੇਖਕੇ ਬੋਲੇ — "ਕਿੱਧਰ ਘੁੰਮ ਰਿਹਾ ਏਂ ? ਪੜ੍ਹਨ ਦੇ ਸਮੇਂ ਤੈਨੂੰ ਘੁੰਮਣ ਦੀ ਸੁੱਝਦੀ ਏ ?"

ਮੈਂ ਕਿਹਾ — "ਤੰਬੂ 'ਚ ਗਿਆ ਸੀ। ਰਾਮਚੰਦਰ ਵਿਦਾ ਹੋ ਰਹੇ ਨੇ ਅਤੇ ਚੌਧਰੀ ਨੇ ਉਹਨਾਂ ਨੂੰ ਕੁੱਝ ਨਹੀਂ ਦਿੱਤਾ।"

"ਤਾਂ ਤੈਨੂੰ ਇਹਦੀ ਕੀ ਫ਼ਿਕਰ ਪਈ ਏ ?"

"ਉਹ ਜਾਣਗੇ ਕਿਵੇਂ ? ਉਹਨਾਂ ਕੋਲ਼ ਤਾਂ ਰਾਹ-ਖ਼ਰਚ ਵੀ ਨਹੀਂ ਏ!"

"ਕੀ ਕੁੱਝ ਖ਼ਰਚਾ ਵੀ ਨਹੀਂ ਦਿੱਤਾ ? ਇਹ ਚੌਧਰੀ ਸਾਹਿਬ ਦੀ ਬੇਇਨਸਾਫ਼ੀ ਹੈ।"

"ਜੇ ਤੁਸੀਂ ਦੋ ਰੁਪਏ ਦੇ ਦਿਓਂ, ਤਾਂ ਮੈਂ ਉਹਨਾਂ ਨੂੰ ਦੇ ਆਵਾਂਗਾ। ਇੰਨੇ ਨਾਲ਼ ਹੀ ਸ਼ਾਇਦ ਉਹ ਘਰ ਪਹੁੰਚ ਜਾਣ।"

ਪਿਤਾ ਜੀ ਨੇ ਤਿੱਖ਼ੀ ਨਜ਼ਰ ਨਾਲ਼ ਦੇਖਦੇ ਹੋਏ ਕਿਹਾ — "ਜਾਹ, ਆਪਣੀਆਂ ਕਿਤਾਬਾਂ ਦੇਖ, ਮੇਰੇ ਕੋਲ਼ ਰੁਪਏ ਨਹੀਂ।"


ਇਹ ਕਹਿ ਕੇ ਉਹ ਘੋੜੇ 'ਤੇ ਸਵਾਰ ਹੋ ਗਏ। ਉਸੇ ਦਿਨ ਤੋਂ ਪਿਤਾ ਜੀ 'ਚ ਮੇਰੀ ਸ਼ਰਧਾ ਮੁੱਕ


ਗਈ। ਮੈਂ ਫਿਰ ਕਦੇ ਉਹਨਾਂ ਦੀ ਡਾਂਟ-ਫਿਟਕਾਰ ਦੀ ਪਰਵਾਹ ਨਹੀਂ ਕੀਤੀ। ਮੇਰਾ ਦਿਲ ਕਹਿੰਦਾ — "ਤੁਹਾਨੂੰ ਕੋਈ ਅਧਿਕਾਰ ਨਹੀਂ ਕਿ ਮੈਨੂੰ ਉਪਦੇਸ਼ ਦਿਓਂ।" ਮੈਨੂੰ ਉਹਨਾਂ ਦੀ ਸ਼ਕਲ ਤੋਂ ਨਫ਼ਰਤ ਹੋ ਗਈ। ਉਹ ਜੋ ਕਹਿੰਦੇ, ਮੈਂ ਠੀਕ ਉਸਦੇ ਉਲਟ ਕਰਦਾ। ਭਾਵੇਂ ਇਸ ਨਾਲ਼ ਮੇਰਾ ਨੁਕਸਾਨ ਹੋਇਆ; ਪਰ ਮੇਰੀ ਅੰਤਰ-ਆਤਮਾ ਉਸ ਸਮੇਂ ਵਿਦਰੋਹੀ ਵਿਚਾਰਾਂ ਨਾਲ਼ ਭਰੀ ਹੋਈ ਸੀ।

ਮੇਰੇ ਕੋਲ਼ ਦੋ ਆਨੇ ਪਏ ਸੀ। ਮੈਂ ਪੈਸੇ ਚੁੱਕੇ ਅਤੇ ਜਾ ਕੇ ਸ਼ਰਮਾਉਂਦੇ ਨੇ ਰਾਮਚੰਦਰ ਨੂੰ ਦੇ ਦਿੱਤੇ। ਉਹਨਾਂ ਪੈਸਿਆਂ ਨੂੰ ਦੇਖਕੇ ਰਾਮਚੰਦਰ ਨੂੰ ਜਿੰਨੀ ਖੁਸ਼ੀ ਹੋਈ, ਉਹ ਮੇਰੇ ਲਈ ਆਸੋਂ ਵਧੇਰੀ ਸੀ। ਜਿਵੇਂ ਪਿਆਸੇ ਨੂੰ ਪਾਣੀ ਮਿਲ਼ ਗਿਆ ਹੋਵੇ।

ਇਹੀ ਦੋ ਆਨੇ ਲੈ ਕੇ ਤਿੰਨ ਮੂਰਤੀਆਂ ਵਿਦਾ ਹੋਈਆਂ! ਸਿਰਫ਼ ਮੈਂ ਹੀ ਉਹਨਾਂ ਨੂੰ ਕਸਬੇ ਤੋਂ ਬਾਹਰ ਤੱਕ ਛੱਡਣ ਗਿਆ।

ਉਹਨਾਂ ਨੂੰ ਵਿਦਾ ਕਰਕੇ ਮੁੜਿਆ, ਤਾਂ ਮੇਰੀਆਂ ਅੱਖਾਂ ਸਿੱਲੀਆਂ ਸਨ; ਪਰ ਦਿਲ ਖੇੜੇ ਨਾਲ਼ ਭਰਿਆ ਹੋਇਆ ਸੀ।







ਅਨੁਰਾਗ ਟਰੱਸਟ
ਲਖਨਊ